Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਪਰਵਾਸ ਦੇ ਮਸਲੇ

ਬਿਕਰਮਜੀਤ ਸਿੰਘ
ਖੋਜਾਰਥੀ (ਪੰਜਾਬੀ ਵਿਭਾਗ)
ਡਾ: ਲਖਵਿੰਦਰ ਕੌਰ
ਅਸਿਸਟੈਂਟ ਪ੍ਰੋਫੈਸਰ
ਸੀ.ਟੀ ਯੂਨੀਵਰਸਟੀ ਲੁਧਿਆਣਾ,(ਪੰਜਾਬ)

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਹਰਜੀਤ ਅਟਵਾਲ ਦੇ ਨਾਵਲਾਂ 'ਵਨ-ਵੇਅ', 'ਰੇਤ', 'ਸਵਾਰੀ', 'ਸਾਊਥਾਲ', 'ਬ੍ਰਿਟਿਸ਼ -ਬੋਰਨ ਦੇਸੀ' 'ਗੀਤ' 'ਮੁੰਦਰੀ ਡੌਟ ਕੌਮ' ਆਦਿ ਨਾਵਲਾਂ ਜਿਹਨਾਂ ਵਿੱਚ ਨਸਲੀ ਵਿਤਕਰਾ, ਭੂ-ਹੇਰਵਾ, ਸੱਭਿਆਚਾਰਕ ਤਣਾਓ ਆਦਿ ਪਰਿਸਥਿਤੀਆਂ ਦਾ ਵਿਸ਼ਾ ਵਸਤੂ ਬਣਾਇਆ ਗਿਆ ਹੈ। ਪਰਵਾਸੀ ਸਮਾਜ ਵਿੱਚ ਵਿੱਚਰਦੇ ਪ੍ਰਵਾਸੀ ਭੂ-ਹੇਰਵੇ, ਪੀੜ੍ਹੀ ਪਾੜ੍ਹਾ, ਪਛਾਣ ਦੀ ਸਮੱਸਿਆ, ਜੀਵਨ ਪੱਧਰ ਦੀਆ ਸਮੱਸਿਆਵਾਂ ਜਿਹਨਾਂ ਵਿੱਚ ਕਾਰ-ਵਿਹਾਰ, ਖਾਣ-ਪਹਿਨਣ, ਰਸਮੋ-ਰਿਵਾਜ ਨਾਲ ਹੈ ਹਰੇਕ ਵਿਅਕਤੀ ਨਾਲ ਜੁੜਿਆ ਹੁੰਦਾ ਹੈ । ਜਿਹਨਾਂ ਵਿੱਚ ਬੱਚਿਆਂ ਪ੍ਰਤੀ ਸਮੱਸਿਆਵਾਂ, ਵਿਆਹ ਸਬੰਧੀ ਸਮੱਸਿਆਵਾਂ, ਪਰਿਵਾਰਿਕ ਰਿਸ਼ਤਿਆਂ ਦੀ ਟੁੱਟ-ਭੱਜ ਆਦਿ ।ਨਸਲੀ ਵਿਤਕਰੇ ਕਾਰਨ ਪ੍ਰਵਾਸੀ ਮਨੁੱਖ ਸੁੰਗੜਨ ਲਈ ਮਜ਼ਬੂਰ ਹਨ।ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਮਾਪੇ ਇਸ ਗੱਲ ਲਈ ਵੀ ਦੁੱਚਿਤੀ ਹਨ, ਕਿ ਬੱਚਿਆ ਦੇ ਵਿਆਹ ਇੰਡੀਆ ਵਿੱਚ ਕੀਤੇ ਜਾਣੇ ਜਾਂ ਫਿਰ ਵਲੈਤ ਵਿੱਚ ਹੀ ਕਈ ਵਾਰ ਉਹ ਸੋਚਦੇ ਹਨ ਕਿ ਇੱਥੇ ਦੇ ਬੱਚੇ ਇੰਡੀਆ ਦੇ ਮੁੰਡੇ ਕੁੜੀਆਂ ਨੂੰ ਸਮਝ ਨਹੀਂ ਸਕਣਗੇ ਤੇ ਨਾ ਹੀ ਉਹ ਇੱਥੇ ਆ ਕੇ ਇਹਨਾਂ ਨੂੰ ਸਮਝਣਗੇ । ਪਰ ਕਈ ਵਾਰ ਬੱਚਿਆਂ ਦੀ ਖੁੱਲੀ ਆਜ਼ਾਦੀ ਦੇਖ ਕੇ ਮਾਪੇ ਆਪਣੇ ਬੱਚਿਆਂ ਦੇ ਵਿਆਹ ਆਪਣੇ ਹੀ ਮੂਲ ਦੇਸ਼ ਕਰਨ ਲਈ ਸੋਚਦੇ ਹਨ ।

ਹਰਜੀਤ ਅਟਵਾਲ ਦੁਆਰਾ ਬਰਤਾਨੀਆ ਵਿੱਚ ਰਹਿ ਕੇ ਬਰਤਾਨੀਆ ਮੁਲਕ ਦੇ ਹਰ ਇਕ ਪੱਖ ਨੂੰ ਆਪਣੀ ਸੋਚ ਦ੍ਰਿਸ਼ਟੀ ਨਾਲ ਪਰਖਿਆ ਹੈ।ਬਰਤਾਨੀਆ ਵਿੱਚ ਆਪਣਾ ਜੀਵਨ ਗੁਜ਼ਾਰਦਾ ਹੋਇਆਂ ਬਰਤਾਨੀਆ ਦੇ ਵਿੱਚ ਰਿਸ਼ਤਿਆਂ ਦੇ ਹੋ ਰਿਹਾ ਵਪਾਰੀਕਰਨ ਨੂੰ ਆਪਣੇ ਨਾਵਲਾਂ ਵਿੱਚ ਪੇਸ਼ ਕਰਕੇ ਪਰਵਾਸੀ ਭਾਈਚਾਰੇ ਦੀ ਪੱਛਮ ਦੇ ਮੁਲਕਾਂ ਵਿੱਚ ਤਸਵੀਰ ਪੇਸ਼ ਕੀਤੀ ਗਈ ਹੈ।ਅਟਵਾਲ ਦੁਆਰਾ ਪਰਵਾਸੀਆਂ ਦੀ ਅਗਲੀ ਪੀੜ੍ਹੀ ਜੋ ਪੱਛਮ ਦੀ ਹੀ ਜੰਮ ਪਲ ਹੈ।ਉਸ ਨੂੰ ਪੰਜਾਬ ਭਾਰਤ ਨਾਲ ਕੋਈ ਸਾਂਝ ਨਹੀਂ ਹੈ ।ਨਵੀਂ ਪੀੜ੍ਹੀ ਲਈ ਭਾਰਤ ਇਕ ਪੱਛੜਿਆ ਹੋਇਆ ,ਸਹੂਲਤਾਂ ਤੋ ਸੱਖਣਾ ,ਅਣਵਿਕਿਸਤ ਦੇਸ਼ ਹੈ ।ਜਿਸ ਮੁਲਕ ਵਿੱਚ ਕਿਸੇ ਕਿਸਮ ਦੀ ਸਹੂਲਤ ਨਹੀਂ ਹੈ।ਪੱਛਮ ਦੇ ਬੱਚਿਆਂ ਲਈ ਭਾਰਤ ਇਕ ਗਰੀਬ ਮੁਲਕ ਹੈ ।ਪੱਛਮ ਦੇ ਬੱਚਿਆਂ ਨੂੰ ਭਾਰਤ ਵਰਗੇ ਮੁਲਕ ਵਿੱਚ ਛੁਟੀਆਂ ਕੱਟਣ ਤੋਂ ਵੀ ਗੁਰੇਜ਼ ਕੀਤਾ ਜਾਂਦਾ ਹੈ।ਮਾਪਿਆਂ ਦੁਆਰਾ ਪੰਜਾਬ ਦੀ ਫੇਰੀ ਲਈ ਮਨ ਅੰਦਰ ਤਾਂਘ ਹੁੰਦੀ ਹੈ ਤੇ ਬੱਚੇ ਪੱਛਮ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ।

ਬਰਤਾਨਵੀ ਸਮਾਜ ਵਿੱਚ ਦਰਪੇਸ਼ ਸੱਮਸਿਆਵਾਂ ਦਾ ਪੰਜਾਬੀ ਸਮੁਦਾਇ ਨੂੰ ਵੱਡੀ

ਪੱਧਰ ਤੇ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਆਹ ਸੰਬੰਧਾਂ ਕਾਰਨ ਪੈਣ ਵਾਲੇ ਆਰਿਥਕ ਸੰਕਟਾਂ,ਜਾਇਦਾਦ ਵਿਚਲੀ ਹਿਸੇਦਾਰੀ ਤੇ ਵਿਆਹ ਟੁੱਟਣ ਉਪਰੰਤ ਪੈਦਾ ਹੋਏ ਆਰਿਥਕ ਸੰਕਟਾਂ ਦਾ ਕਾਰਨ ਬਰਤਾਨਵੀ ਸਮਾਜ ਵਿਆਹ ਇਕ ਵਿਅਰਥ ਜਿਹੀ ਜਿੰਮੇਵਾਰੀ ਬਣ ਕੇ ਰਹਿ ਗਿਆ ਹੈ।ਭਾਰਤ ਦੇਸ਼ ਵਿੱਚਲੇ ਸਮਾਜ ਵਿੱਚ ਵਿਆਹ ਇਕ ਬੰਧਨ ਹੈ ਜਿੱਥੇ ਵਿਆਹ ਕੇਵਲ ਦੋ ਵਿਅਕਤੀਆਂ ਪਤੀ-ਪਤਨੀ ਦਾ ਮੇਲ ਨਹੀਂ ਸਗੋ ਇਨ੍ਹਾਂ ਦੋਹਾਂ ਦੇ ਜੋੜ ਦੀ ਕੜੀ ਦੁਆਰਾ ਦੋ ਖਾਨਦਾਨ ਆਪਸ ਵਿੱਚ ਜੁੜਦੇ ਹਨ ਲੇਕਿਨ ਪੱਛਮੀ ਸਮਾਜ ਪ੍ਰਬੰਧ ਵਿੱਚ ਵਿਆਹ ਇਕ ਬੰਧਨ ਨਹੀਂ ਰਹਿ ਗਿਆ ਕੇਵਲ ਦੋ ਵਿਅਕਤੀਆਂ ਦੀ ਮਾਨਿਸਕਤਾ, ਆਰਿਥਕ ਸਾਝ ਤੱਕ ਸੀਮਤ ਹੋ ਗਿਆ ਹੈ।ਇਸੇ ਕਾਰਨ ਉਨ੍ਹਾਂ ਸਮਾਜਾਂ ਵਿੱਚ ਨਾ ਵਿਆਹ ਕਰਨ ਨੂੰ ਤੇ ਨਾ ਹੀ ਵਿਆਹ ਟੁੱਟਣ ਨੂੰ ਬਹੁਤਾ ਮਹੱਤਵ ਦਿੱਤਾ ਜਾਂਦਾ ਹੈ।ਪੱਛਮੀ ਸਮਾਜ ਵਿੱਚ ਕੋਈ ਵੀ ਵਿਅਕਤੀ ਵਿਆਹ ਬੰਧਨ ਵਿੱਚ ਨਹੀਂ ਬੱਝਣਾ ਚਾਹੁੰਦਾ ਹੈ ਕਿਉਂਕਿ ਜਦੋਂ ਵਿਆਹ ਨਾਲ ਸਬੰਧਿਤ ਸਾਰੀਆਂ ਲੋੜਾਂ ਦੀ ਪੂਰਤੀ ਬਜ਼ਾਰ ਵਿੱਚੋਂ ਹੋ ਸਕਦੀ ਹੈ ਤਾਂ ਬੰਦਾ ਸਿਰ ਇਹ ਜ਼ਿੰਮੇਵਾਰੀਆਂ ਕਿਉਂ ਪਾਈਆ ਜਾਣ ਇਸ ਵਿੱਚ ਕੇਵਲ ਔਲਾਦ ਪ੍ਰਾਪਤੀ ਦਾ ਮਸਲਾ ਹੀ ਰਹਿ ਜਾਂਦਾ ਹੈ ਪਰ ਵਿਗਿਆਨ ਨੇ ਏਨੀ ਕੁ ਤੱਰਕੀ ਕਰ ਲਈ ਹੈ ਕਿ ਇਹ ਮਸਲੇ ਦਾ ਹੱਲ ਵੀ ਕੱਢ ਦਿੱਤਾ ਹੈ।ਉਂਝ ਵੀ ਮੁੱਨਖ ਨੇ ਲੋੜਾਂ ਦੇ ਖੇਤਰ ਵਿੱਚ ਔਲਾਦ ਦੀ ਤਾਂਘ ਤੇ ਲੋੜ ਦਾ ਮੱਹਤਵ ਔਲਾਦ ਦੇ ਵਰਤਮਾਨ ਵਿਵਹਾਰ ਜੋ ਸਮਾਜ ਵਿੱਚ ਔਲਾਦ ਆਪਣੇ ਮਾਪਿਆਂ ਨਾਲ ਕਰ ਰਹੀ ਹੈ ਇਸ ਦੇ ਮੱਦੇ ਨਜ਼ਰ ਘਟਦਾ ਜਾ ਰਿਹਾ ਹੈ।ਘੱਟੋ-ਘੱਟੋ ਪੱਛਮੀ ਸਮਾਜ ਤਾਂ ਇਹ ਸਮਝ ਚੁੱਕਾ ਹੈ ਤੇ ਭਾਰਤੀ ਸਮਾਜ ਵੀ ਸਮਝਣ ਦੇ ਰਾਹ ਤੇ ਪੈ ਗਿਆ ਹੈ।

ਇਸ ਤਰ੍ਹਾਂ ਹਰਜੀਤ ਅਟਵਾਲ ਨੇ ਆਪਣੇ ਨਾਵਲਾਂ ਵਿੱਚ ਬਰਤਾਨੀਆ ਵਿੱਚ ਵਸਦੇ ਪਰਵਾਸੀ ਭਾਈਚਾਰੇ ਅਤੇ ਆਪਣੇ ਆਪ ਨੂੰ ਸਥਾਪਿਤ ਕੀਤੇ ਪਰਵਾਸੀ ਪੰਜਾਬੀਆਂ ਦੀਆਂ ਵਿਭਿੰਨ -ਵਿਭਿੰਨ ਪਰਤਾਂ,ਸਮੱਸਿਆਵਾਂ,ਝੋਰਿਆਂ,ਦਵੰਦਾਂ,ਅੰਤਰ ਸੰਬੰਧਾਂ ,ਸੱਭਿਆਚਾਰਕ ਪ੍ਰਸਿਥਿਤੀਆਂ ਅਤੇ ਪਾਰ-ਸੱਭਿਆਚਾਰਕ ਮਸਲਿਆਂ ਦਾ ਚਿਤਰਨ ਬੜੀ ਸ਼ਿੱਦਤ ਨਾਲ ਕੀਤਾ ਹੈ।ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਪਰਵਾਸੀ ਪੰਜਾਬੀਆਂ ਦੀ ਬਹੁ-ਗਿਣਤੀ ਬੇਗਾਨਗੀ,ਉਦਾਸੀ ਅਤੇ ਸਮਾਜਿਕ ਚਕਰਵਿਊ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਨਜ਼ਰ ਆਉਦੀ ਹੈ।ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਪੱਛਮੀ ਮੁਲਕਾਂ ਵਿੱਚ ਸਥਾਪਤ ਹੋਏ ਪੰਜਾਬੀ ਭਾਈਚਾਰੇ ਅੰਦਰੋਂ ਮਨਫੀ ਹੋਈਆਂ ਪੰਜਾਬੀ ਸੱਭਿਆਚਾਰ ਕ ਕਦਰਾਂ-ਕੀਮਤਾਂ ਨੂੰ ਸਾਹਮਣੇ ਲਿਆਉਂਦੀ ਹੈ।ਪਰਵਾਸੀਆਂ ਦੀ ਦੂਜੀ ਪੀੜ੍ਹੀ ਪੱਛਮੀ ਸੱਭਿਆਚਾਰ ਕਦਰਾਂ- ਕੀਮਤਾਂ ਨੂੰ ਅਪਣਾਉਣ ਲੱਗੀ ਹੈ ਤਾਂ ਪਹਿਲੀ ਅਤੇ ਦੂਸਰੀ ਪੀੜ੍ਹੀ ਵਿੱਚ ਸਮਾਜਕ ਮਾਨਤਾਵਾ ਨੂੰ ਲੈ ਕੇ ਟਕਰਾਓ ਹੋਣਾ ਸ਼ੁਰੂ ਹੋਇਆ।ਜਿਹੜੀ ਪੀੜ੍ਹੀ ਜੋ ਪੱਛਮੀ ਮੁਲਕਾਂ ਦੀ ਜੰਮ ਪਲ ਹੈ ਪੰਜਾਬੀ ਅਤੇ

ਪੱਛਮੀ ਸੱਭਿਆਚਾਰ ਦੇ ਰਲਵੇਂ ਰੂਪ ਨੂੰ ਅਪਣਾਉਣ ਵੱਲ ਵੱਧ ਰੁਚਿਤ ਹੈ।ਪੱਛਮੀ ਮੁਲਕਾਂ ਵਿੱਚ ਬੱਚੇ ਸਮਾਜ ਪ੍ਰਤੀ ਆਪਣੀ ਡੂੰਘੀ ਸੱਮਝ ਰੱਖਦੇ ਹਨ ਜਿੰਨ੍ਹਾਂ ਵਿੱਚ ਬੱਚਿਆਂ ਦੁਆਰਾ ਸਮਾਜ ਵਿੱਚ ਵਿੱਚ ਵਿਚਰਦਿਆਂ ਹਰ ਇੱਕ ਪਹਿਲੂਆਂ ਉੱਪਰ ਝਾਤ ਮਾਰੀ ਜਾਂਦੀ ਹੈ। ਜਿਸ ਵਿੱਚ ਪਰਵਾਸੀ ਬੱਚਿਆਂ ਦੁਆਰਾ ਪੱਛਮੀ ਸਮਾਜ ਦੇ ਕੌੜੇ ਮਿੱਠੇ ਅਨੁਭਵ ਨੂੰ ਮਾਣਦੇ ਹੋਏ ਉਹਨਾਂ ਦਾ ਨਜ਼ਰੀਆ ਵਿਸ਼ਾਲ ਹੋ ਗਿਆ ਹੈ।ਪਰਵਾਸੀ ਬੱਚੇ ਸਮਾਜ ਪ੍ਰਤੀ ਜੋ ਵੀ ਗੱਲ ਕਰਦੇ ਹਨ ਦਲੀਲ ਨਾਲ ਕਰਦੇ ਹਨ,ਜਿਸ ਤੋਂ ਤੁਸੀਂ ਮੁਨਕਰ ਨਹੀਂ ਹੋ ਸਕਦੇ।

ਇਸ ਤਰ੍ਹਾਂ ਹਰਜੀਤ ਅਟਵਾਲ ਇਕ ਅਜਿਹਾ ਨਾਵਲਕਾਰ ਜਿਸ ਦੁਆਰਾ ਬਰਤਾਨੀਆ ਦੀ ਧਰਤੀ ਉਪਰ ਆਪਣੇ ਨਾਵਲਾਂ ਵਿੱਚ ਬਰਤਾਨੀਆ ਵਿੱਚ ਵੱਸਦੇ ਅਤੇ ਸਥਾਪਤ ਹੋਏ ਪੰਜਾਬੀ ਭਾਈਚਾਰੇ ਦੀਆਂ ਵਿਭਿੰਨ ਪਰਤਾਂ ,ਸਮੱਸਿਆਵਾਂ,ਝੋਰਿਆਂ,ਦਵੰਦਾਂ,ਅੰਤਰ-ਸਭਿਆਚਾਰਕ ਅਤੇ ਪਾਰ-ਸਭਿਆਚਾਰਕ ਮਸਲਿਆਂ ਦਾ ਗਲਪੀਕਰਣ ਬੜੀ ਸ਼ਿਦਤ ਨਾਲ ਪੇਸ਼ ਕੀਤਾ ਹੈ ।ਨਾਵਲੀ ਵੇਰਵਿਆਂ ਵਿੱਚ ਪਰਵਾਸੀ ਪੰਜਾਬੀਆਂ ਦੀ ਬਹੁ ਗਿਣਤੀ ਬੇਗਾਨਗੀ ,ਉਦਾਸੀ ਅਤੇ ਕਾਮੁਕ ਕਲਾਬਾਜੀਆਂ ਦੇ ਚਕਰਵਿਊ ਵਿੱਚ ਫਸੀ ਹੋਈ ਨਜ਼ਰ ਆਉਂਦੀ ਹੈ। ਹਰਜੀਤ ਅਟਵਾਲ ਦੀ ਗਲਪ-ਦ੍ਰਿਸ਼ਟੀ ਪੱਛਮੀ ਮੁਲਕਾਂ ਵਿੱਚ ਸਥਾਪਤ ਹੋਏ ਪੰਜਾਬੀ ਭਾਈਚਾਰੇ ਅੰਦਰੋ ਖਤਮ ਹੋ ਚੁਕੀ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਸਾਹਮਣੇ ਲੈ ਕੇ ਆਉਂਦੀ ਹੈ ।ਬੱਚਿਆਂ ਦੇ ਵਿਰੋਧੀ ਹੋ ਜਾਣ ਕਾਰਨ ਕਈ ਵਾਰ ਮਾਪੇ ਆਪਸ ਵਿੱਚ ਝਗੜਨ ਲਗ ਪੈਂਦੇ ਹਨ ।ਬੱਚਿਆਂ ਦੇ ਬਾਗੀ ਹੋਣ ਦਾ ਦੂਸ਼ਣ ਇਕ ਦੂਜੇ ਉੱਪਰ ਲਾਉਂਦੇ ਹਨ ।ਪਰਵਾਸ ਵਿੱਚ ਗੈਰ ਕਾਨੂੰਨੀ ਢੰਗ ਨਾਲ ਪੈਦਾ ਹੋਏ ਬੱਚੇ ਵੀ ਪਰਿਵਾਰਕ ਟੁੱਟ ਭੱਜ ਨੂੰ ਵਧਾਉਂਦੇ ਹਨ।ਪਰਿਵਾਰ ਵਿੱਚ ਜਿੰਨੇ ਜੀਅ ਹੁੰਦੇ ਹਨ ਉਨ੍ਹੇ ਪਾਸੇ ਹੀ ਉਨ੍ਹਾਂ ਦੇ ਮੂੰਹ ਹੁੰਦੇ ਹਨ।ਟੁੱਟ ਭੱਜ ਇਹ ਮਾਪਿਆਂ ਨੂੰ ਵੀ ਦੁਖੀ ਕਰਦੀ ਹੈ ਅਤੇ ਬੱਚਿਆਂ ਨੂੰ ਵੀ।ਟੁਟੇ ਪਰਿਵਾਰਾ ਦੀ ਸ਼ਖਸੀਅਤ ਕਦੇ ਵੀ ਉਹ ਨਹੀਂ ਰਹਿੰਦੀਂ ਜੋ ਇਕ ਸਾਝੇਂ ਪਰਿਵਾਰਾਂ ਦੀ ਹੋ ਸਕਦੀ ਹੈ।ਸਾਝੇ ਪਰਿਵਾਰਾਂ ਦਾ ਸੰਕਲਪ ਤਾਂ ਪੱਛਮ ਵਿੱਚ ਬਿਲਕੁਲ ਖਤਮ ਹੈ।ਮਾਪਿਆਂ ਦੇ ਆਗਿਆਕਾਰੀ ਬਣਨ ਵਿੱਚ ਨੋਜਵਾਨ ਪੀੜ੍ਹੀ ਵਿੱਚ ਨਾ-ਮਾਤਰ ਦਿਲਚਸਪੀ ਹੈ।ਪੱਛਮੀ ਸਮਾਜ ਵਿੱਚ ਅਨੁਸਾਰ ਪਿਤਾ ਦੀ ਜਾਇਦਾਦ ਦਾ ਵਾਰਸ ਪੁੱਤਰ ਹੋਣਾ ਕੋਈ ਲਾਜ਼ਮੀ ਨਹੀ ਹੈ।ਪੱਛਮ ਸਮਾਜ ਵਿੱਚ ਪੁੱਤਰਾਂ ਧੀਆਂ ਦੇ ਬਾਗੀ ਹੋ ਜਾਣ ਕਾਰਣ ਬਜ਼ੁਰਗ ਮਾਪੇ ਪੋਤੇ-ਦੋਹਤਿਆਂ ਦਾ ਸੁਖ ਵੀ ਨਹੀਂ ਮਾਣ ਸਕਦੇ।ਇਸ ਤਣਾਓ ਭਰੀ ਸਥਿਤੀ ਵਿੱਚ ਆਪਣੇ ਆਪ ਨੂੰ ਮਾਪੇ ਠੱਗਿਆ ਮਹਿਸੂਸ ਕਰਦੇ ਹਨ।

ਪੁਰਾਣੀ ਪੀੜ੍ਹੀ ਨੂੰ ਆਪਣੇ ਮੁਲਕ ਪ੍ਰਤੀ ਭੁ-ਹੇਰਵਾ ਅਤੇ ਉਦੇਰਵਾ ਰਹਿੰਦਾਂ ਹੈ,ਕਈ ਵਾਰ ਮਾਪੇ ਚਾਵਾਂ ਸੰਗ ਆਪਣੇ ਬੱਚਿਆਂ ਨੂੰ ਆਪਣਾ ਵਤਨ ਦਿਖਾਉਣ ਲਈ ਲਿਆਉਂਦੇ ਹਨ।ਜਦ ਕਿ ਬੱਚਿਆਂ ਦੀ ਦਿਲਚਸਪੀ

ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਬੁਜ਼ਰਗਾਂ ਵਿੱਚ ਅਤੇ ਆਪਣੇ ਮੁਲਕ ਪ੍ਰਤੀ ਕੋਈ ਖਾਸ ਰੁਚੀ ਨਹੀਂ ਹੁੰਦੀ ।ਉਨ੍ਹਾਂ ਨੂੰ ਇਹੋ ਜਿਹਾ ਜੀਵਨ ਪੱਧਰ ਨਹੀਂ ਮਿਲਦਾ ਜਿਹੋ ਜਿਹਾ ਪੱਛਮ ਵਿੱਚ ਮਾਣ ਕੇ ਆਏ ਹਨ ।ਇਸ ਕਰਕੇ ਉਹ ਬਹੁਤੀ ਦੇਰ ਰਹਿਣਾ ਇੱਥੇ ਪਸੰਦ ਨਹੀਂ ਕਰਦੇ ।ਬਰਤਾਨੀਆ ਦੇ ਵਿੱਚ ਪਰਵਾਸੀਆਂ ਦੀ ਦੂਜੀ ਪੀੜ੍ਹੀ ਪੱਛਮੀ ਸਭਿਆਚਾਰਕ ਕੀਮਤਾਂ ਨੂੰ ਅਪਣਾਉਣ ਲਗੀ  ਤਾ ਪਹਿਲੀ ਪੀੜ੍ਹੀ ਅਤੇ ਦੂਜੀ ਪੀੜ੍ਹੀ ਵਿੱਚ ਸਮਾਜਿਕ ਅਤੇ ਸਭਿਅਚਾਰਕ ਸਥਿਤੀਆਂ ਨੂੰ ਲੈ ਕੇ ਟਕਰਾਓ ਹੋਣਾ ਸ਼ੁਰੂ ਹੋਇਆ।ਪਹਿਲੀ ਅਤੇ ਦੂਜੀ ਪੀੜ੍ਹੀ ਵਿੱਚ ਇਹ ਟਕਰਾਓ ਦੀ ਸਥਿਤੀ ਵਿੱਚ ਮਨੱਖੀ ਰਿਸਤਿਆਂ ਦੀ ਪਛਾਣ ਕਾਇਮ ਨਹੀਂ ਰਹਿੰਦੀ।ਇਸੇ ਤਰ੍ਹਾਂ ਹਰਜੀਤ ਅਟਵਾਲ ਦੁਆਰਾ ਆਪਣੇ ਨਾਵਲਾਂ ਵਿੱਚ ਪਰਵਾਸੀਆਂ ਦੀ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ ।

ਸੋ ਹਰਜੀਤ ਅਟਵਾਲ ਦੇ ਨਾਵਲਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਔਰਤ ਮਰਦ ਦੇ ਆਪਸੀ ਸੰਬੰਧ ,ਔਰਤ ਦਾ ਸੰਘਰਸ਼,ਰਿਸ਼ਤਿਆਂ ਦੀ ਗੁੰਝਲਦਾਰ ਪ੍ਰਕਿਰਿਆ,ਪੂਰਬ ਤੇ ਪੱਛਮ ਅੰਤਰ ਸੰਬੰਧਾਂ ਤੇ ਅੰਤਰ-ਵਿਰੋਧਾਂ ਨੂੰ ਬਹੁ-ਦਿਸ਼ਾਵੀ ਰੂਪ ਵਿੱਚ ਪੇਸ਼ ਕਰਦਾ ਹੈ।ਉਸ ਦੇ ਨਾਵਲਾਂ ਅੰਤਰ ਨਸਲੀ ਵਿਆਹ,ਪਰਿਵਾਰਕ ਰਿਸ਼ਤੇ,ਸਭਿਆਚਾਰਕ ਸੰਕਟ,ਨਸਲੀ ਵਿਤਕਰਾ,ਪੱਛਮੀ ਸਮਾਜ ਵਿੱਚ ਔਰਤ ਦੀ ਸੰਕਟਮਈ ਸਥਿਤੀ ਨੂੰ ਪੇਸ਼ ਕਰਦਾ ਹੈ।ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਪਰਵਾਸੀ ਪੰਜਾਬੀ ਔਰਤ ਆਰਿਥਕ ਤੌਰ ਖੁਸ਼ਹਾਲ ਹੋ ਕੇ ਵਧੇਰੇ ਬਲ ਕਾਮ-ਸੰਬੰਧਾਂ ਦੀ ਖੁੱਲ ਮਾਨਣ ਵੱਲ ਲੱਗ ਰਹੀ ਹੈ।ਪਰਵਾਸੀ ਪੰਜਾਬੀ ਔਰਤ ਦੀ ਸੁਤੰਤਰ ਜੀਵਨ ਸ਼ੈਲੀ ਦੀ ਚੋਣ ਉਸਦੇ ਮਾਨਿਸਕ ਤੇ ਸੰਸਕ੍ਰਿਤਿਕ ਸੰਕਟ ਦਾ ਕਾਰਣ ਤਾਂ ਬਣਦੀ ਹੈ ਪਰ ਇਹ ਔਰਤ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਵੀ ਕਾਮਯਾਬ ਹੁੰਦੀਂ ਹੈ ਪਰ ਇਹ ਔਰਤ ਸਵੈ-ਵਿਸ਼ਵਾਸੀ,ਸਵੈ-ਚੇਤਨ ਤੇ ਆਰਿਥਕ ਤੌਰ ਤੇ ਆਜ਼ਾਦ ਔਰਤ ਦਾ ਬਿੰਬ ਸਿਰਜਦੀ ਨਜ਼ਰ ਆਉਂਦੀ ਹੈ।

**ਹਵਾਲਾ ਸੂਚੀ**

ਦੇਵਿੰਦਰ ਚੰਦਨ, ਬਰਤਾਨਵੀ ਸਾਹਿਤ ਦੇ ਮਸਲੇ, ਸੂਰਜ ਪ੍ਰਕਾਸ਼ਨ ਦਿੱਲੀ, 2004

ਹਰਚੰਦ ਸਿੰਘ ਬੇਦੀ, ਨੁਕਤਾ ਨਿਗਾਹ, ਰਵੀ ਸਹਿਤ ਪ੍ਰਕਾਸ਼ਨ ਅੰਮ੍ਰਿਤਸਰ, 1992

ਅਜੀਤ ਸਿੰਘ ਪੰਛੀ, ਪੰਜਾਬੀ ਨਾਵਲ ਵਿੱਚ ਯਥਾਰਥਵਾਦ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1977

ਦਰਸ਼ਨ ਸਿੰਘ ਧੀਰ, ਆਪਣੇ ਆਪਣੇ ਰਾਹ, ਆਰਸੀ ਪਬਲਿਸ਼ਰਜ਼, ਦਿੱਲੀ, 1980

ਪ੍ਰੀਤਮ ਸਿੱਧੂ, ਦੇਸ਼ ਪਰਾਏ, ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1982

ਦਰਸ਼ਨ ਸਿੰਘ ਧੀਰ, ਹਾਸ਼ੀਏ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ, 2008

ਹਰਜੀਤ ਅਟਵਾਲ, ਸਵਾਰੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ, 2005

ਪ੍ਰੀਤਮ ਸਿੰਘ, ਬਰਤਾਨਵੀ ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991

ਡਾ.ਰਜਿੰਦਰ ਸਿੰਘ ਲਾਂਬਾ , ਖੋਜ ਪੱਤ੍ਰਿਕਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ, ਪਟਿਆਲਾ, 1991

ਧਰਮ ਸਿੰਘ, ਪੰਜਾਬੀ ਖੋਜ ਸੰਦਰਭ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2018

ਸੁਰਜੀਤ ਸਿੰਘ,ਪੰਜਾਬੀ ਨਾਵਲ ਦ੍ਰਿਸ਼ ਅਤੇ ਦ੍ਰਿਸ਼ਟੀ ,ਚੇਤਨਾ ਪ੍ਰਕਾਸ਼ਨ ,ਲੁਧਿਆਣਾ ,2012

ਪ੍ਰੀਤਮ ਸਿੰਘ, ਬਰਤਾਨਵੀ ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991

ਡਾ. ਸੁਤਿੰਦਰ ਨੂਰ ,ਪੰਜਾਬੀ ਗਲਪ ਚੇਤਨਾ,ਚੇਤਨਾ ਪ੍ਰਕਾਸ਼ਨ ਲੁਧਿਆਣਾ,2005